## ਡਾ. ਗੁਰਮੀਤ ਸੋਹੀ, ਜੈਰੀਐਟ੍ਰੀਸ਼ੀਅਨ



ਡਾਕਟਰ ਗੁਰਮੀਤ ਸੋਹੀ ਇੱਕ ਜੈਰੀਐਟ੍ਰੀਸ਼ਨ ਅਤੇ ਇੰਟਰਨਿਸਟ ਹਨ, ਜੋ ਵੱਡੀ ਉਮਰ ਦੇ ਮਰੀਜ਼ਾਂ ਦੀ ਅਕਯੂਟ ਦੇਖਭਾਲ ਅਤੇ ਪੈਰੀਓਪਰੇਟਿਵ ਕੇਅਰ ਵਿੱਚ ਮਾਹਰ ਹਨ। ਉਹ ਇਸ ਵੇਲੇ ਵੈਨਕੂਵਰ ਜਨਰਲ ਹਸਪਤਾਲ ਅਤੇ ਸੇਂਟ ਪੌਲਸ ਹਸਪਤਾਲ ਵਿੱਚ ਕੰਮ ਕਰ ਰਹੇ ਹਨ। ਉਹਨਾਂ ਨੇ ਆਪਣੀ ਬੈਚਲਰ ਆਫ਼ ਸਾਇੰਸ ਦੀ ਡਿਗਰੀ ਬਾਇਓਮੈਡੀਕਲ ਫਿਜ਼ਿਓਲੌਜੀ ਅਤੇ ਕਾਇਨੀਸੀਓਲੌਜੀ ਵਿੱਚ ਪੂਰੀ ਕੀਤੀ ਅਤੇ ਆਪਣੀ ਮੈਡੀਕਲ ਸਿੱਖਿਆ ਸ਼ੁਰੂ ਕਰਨ ਤੋਂ ਪਹਿਲਾਂ ਪੈਥੋਲੋਜੀ ਅਤੇ ਲੈਬੋਰਟਰੀ ਮੈਡੀਸਨ ਵਿੱਚ ਮਾਸਟਰ ਆਫ਼ ਸਾਇੰਸ ਪੂਰੀ ਕੀਤੀ। ਡਾਕਟਰੀ ਦੀ ਡਿਗਰੀ ਹਾਸਲ ਕਰਨ ਤੋਂ ਬਾਅਦ, ਉਨ੍ਹਾਂ ਨੇ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਵਿੱਚ ਇੰਟਰਨਲ ਮੈਡੀਸਨ ਰੈਜ਼ੀਡੈਂਸੀ ਅਤੇ ਜੈਰੀਐਟ੍ਰਿਕ ਮੈਡੀਸਨ ਫੈਲੋਸ਼ਿਪ ਪੂਰੀ ਕੀਤੀ, ਜਿੱਥੇ ਉਹ ਹੁਣ ਕਲੀਨੀਕਲ ਇੰਸਟਰੱਕਟਰ ਵਜੋਂ ਪੜ੍ਹਾਉਂਦੇ ਹਨ। ਉਹਨਾਂ ਦਾ ਪੇਸ਼ਾਵਰ ਕੰਮ ਹਸਪਤਾਲ ਵਿੱਚ ਇਨ-ਪੇਸ਼ੈਂਟ ਦੇਖਭਾਲ ਹੈ, ਅਤੇ ਉਹ ਮੈਡੀਕਲ ਵਿਦਿਆਰਥੀਆਂ ਅਤੇ ਰਿਹਾਇਸ਼ੀ ਡਾਕਟਰਾਂ ਦੀ ਤਾਲੀਮ ਅਤੇ ਤਰਬੀਅਤ ਵਿੱਚ ਸ਼ਾਮਲ ਹਨ। ਗੁਰਮੀਤ ਦੇ ਦਾਦਾ-ਦਾਦੀ ਅਤੇ ਨਾਨਾ-ਨਾਨੀ ਉਸ ਦੀ ਪਰਵਿਰਸ਼ ਵਿੱਚ ਬਹੁਤ ਸ਼ਾਮਲ ਸਨ, ਜਿਸ ਨੇ ਉਹਨਾਂ ਵਿੱਚ ਬਜ਼ੁਰਗ ਮਰੀਜ਼ਾਂ ਦੀ ਸਹਾਇਤਾ, ਦੇਖਭਾਲ, ਅਤੇ ਹੈਲਥ ਸਿਸਟਮ ਵਿੱਚ ਉਮਰਵਾਦ ਅਤੇ ਨਸਲੀ ਭੇਦਭਾਵ ਨਾਲ ਨਜਿੱਠਣ ਦੀ ਭਾਵਨਾ ਜਗਾਈ। ਆਪਣੇ ਵਿਹਲੇ ਸਮੇਂ ਵਿੱਚ, ਉਨ੍ਹਾਂ ਨੂੰ ਹਾਈਕਿੰਗ, ਪੜ੍ਹਨਾ, ਚਿੱਤਰਕਲਾ, ਅਤੇ ਆਪਣੇ ਪਰਿਵਾਰ ਤੇ ਦੋਸਤਾਂ ਨਾਲ ਸਮਾਂ ਬਿਤਾਉਣਾ ਪਸੰਦ ਹੈ।

**ਸੈਸ਼ਨ:** **ਕਮਜ਼ੋਰੀ ਤੁਹਾਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਹੈ**

**ਉਦੇਸ਼**:

1. ਕਮਜ਼ੋਰੀ ਕੀ ਹੈ?
2. ਕਮਜ਼ੋਰੀ ਦੇ ਜੋਖਮ ਕਾਰਕਾਂ ਅਤੇ ਚੇਤਾਵਨੀ ਚਿੰਨ੍ਹਾਂ ਨੂੰ ਪਛਾਣਨਾ।
3. ਕਮਜ਼ੋਰੀ ਨਾਲ ਸੰਬੰਧਤ ਆਮ ਸਮੱਸਿਆਵਾਂ ਨੂੰ ਪਛਾਣਨਾ।
4. ਮਾਨਸਿਕ ਪ੍ਰਭਾਵਾਂ ਬਾਰੇ ਜਾਣਕਾਰੀ

**ਤਰੀਕ**: ਐਤਵਾਰ, ਮਾਰਚ 2, 2025